# ਪਾਸ਼ੋ

ਮੈਂ ਤੇ ਪਾਸ਼ੋ ਕੱਠੇ ਖੇਡਦੇ ਹੀ ਏਡੇ ਹੋਏ ਸਾਂ । ਪਾਸ਼ੋ ਹੋਰ ਕੁੜੀਆਂ ਵਾਂਗ ਘਰੇ ਡੱਕੀ ਰਹਿਣ ਵਾਲੀ ਨਹੀਂ ਸੀ । ਉਸ ਦਾ ਜਦੋਂ ਦਾਅ ਲੱਗਦਾ ਉਹ ਬਾਹਰ ਸੜਕ ਤੇ ਆ ਕੇ ਸਾਡੇ ਨਾਲ ਖੇਡਦੀ। 'ਘੜਬਿੱਲ ਬੱਚਾ' ਤੇ 'ਗੋਲੀ ਹੜੱਪਾ' ਉਸ ਨੂੰ ਦੂਜੀਆਂ ਖੇਡਾਂ ਨਾਲੋ ਵਧੇਰੇ ਚੰਗਾ ਲੱਗਦਾ ਸੀ। ਹੜੱਪੇ ਮਾਰਨ ਵਿਚ ਉਹ ਕਈਆਂ ਮੁੰਡਿਆਂ ਨਾਲੋਂ ਵੀ ਤਗੜੀ ਸੀ, ਇਸੇ ਲਈ ਕੋਈ ਟੋਲੀ ਉਸ ਨੂੰ ਆਪਣਾ ਸਾਥੀ ਬਣਾਣ ਤੋਂ ਭੈੜੀ ਨਹੀਂ ਸੀ ਪੈਂਦੀ। ਘੜਬਿੱਲ ਬੱਚੇ ਦੀ 'ਮਾਂ' ਜਿੱਥੇ ਦੂਸਰੇ ਖਡਾਰੀਆਂ ਦੇ ਮੂੰਹ ਤੋਂ ਬੁਝ ਲੈਂਦੀ ਸੀ ਕਿ ਕੌਣ ਇਸ ਦੇ ਬੱਚਿਆਂ ਤੇ ਹਮਲਾ ਕਰਨ ਵਾਲਾ ਹੈ ਉਥੇ ਪਾਸ਼ੋ ਦੇ ਮੂੰਹ ਤੋਂ ਕੱਖ ਪਤਾ ਨਹੀਂ ਸੀ ਲੱਗ ਸਕਦਾ। ਖਿੱਦੋ ਖੂੰਡੀ ਉਹ ਖੇਡਣਾ ਨਹੀਂ ਚਾਹੁੰਦੀ ਸੀ। ਇਹ ਖੇਡਦਿਆਂ ਉਸ ਦੀ ਚੁੰਨੀ ਸਿਰ ਤੋਂ ਲੱਥ ਜਾਂਦੀ ਸੀ ਤੇ ਉਹ ਆਪਣੇ ਆਪ ਨੂੰ ਕੋਝੀ ਕੋਝੀ ਲੱਗਦੀ ਸੀ। 'ਕਾਵਾਂ ਖੋਤੀ' ਅਸੀਂ ਉਸ ਨੂੰ ਨਹੀਂ ਖਡਾਂਦੇ ਸਾਂ। ਜਦੋਂ ਉਸ ਦੀ ਖੋਤੀ ਬਣਨ ਦੀ ਵਾਰੀ ਆਉਂਦੀ ਤਾਂ ਕੁੜੀ ਹੋਣ ਕਰ ਕੇ ਅਸੀਂ ਉਸ ਨੂੰ ਬਹੁਤਾ ਛੇੜ ਨਹੀਂ ਸਕਦੇ ਸਾਂ । 'ਕਿਰਮਣ ਕਿਰਮੀ ਕੌਣ ਕਿਰਿਆ' ਮੱਠੀ ਜਹੀ ਤੇ ਅੰਵਾਣਿਆਂ ਦੀ ਖੇਡ ਹੋਣ ਕਰਕੇ ਅਸਾਂ ਕਈਆਂ ਵਰ੍ਹਿਆਂ ਦੀ ਛਡ ਦਿਤੀ ਹੋਈ

ਸੀ ਪਰ ਜਦੋਂ ਖੇਡਦੇ ਹੁੰਦੇ ਸਾਂ ਪਾਸ਼ੋ ਇਸ ਨੂੰ ਭੀ ਬੜੇ ਚਾ ਨਾਲ ਖੇਡਦੀ ਸੀ। ਕੌਡੀਆਂ ਤੇ ਬਸ ਉਸ ਦੀਆਂ ਉਂਗਲੀਆਂ ਤੇ ਚੜ੍ਹੀਆਂ ਹੋਈਆਂ ਸਨ। ਬਾਹਮਣ ਬੱਚੇ ਤੇ ਚੀਰ ਵਹੁਟੀਆਂ ਫੜਦੀ ਉਹ ਸਭ ਤੋਂ ਵਧੇਰੇ ਖ਼ੁਸ਼ ਰਹਿੰਦੀ। ਘੰਟਿਆਂ ਬੱਧੀ ਫੁੱਲਾਂ ਵਾਲੇ ਸ਼ਟਾਲਿਆਂ ਤੇ ਲੂਸਣ ਵਿਚ ਚੁੱਘਾਂ ਮਾਰਨ ਪਿਛੋਂ ਜਦੋਂ ਅਸੀ ਇਕ ਦੂਜੇ ਨੂੰ ਆਪਣੇ ਫੜੇ ਹੋਏ ਬਾਹਮਣ ਬਚੇ ਵਖਾਉਂਦੇ ਤਾਂ ਉਸ ਦੀ ਚੁੰਨੀ ਦੀ ਝੋਲੀ ਵਿਚ ਸਭ ਤੋਂ ਵੱਡਾ ਢੇਰ ਹੁੰਦਾ।

ਮੇਰਾ ਤੇ ਪਾਸ਼ੋ ਦਾ ਘਰ ਪਿੰਡ ਦੀ ਇੱਕੋ ਪੱਤੀ ਵਿਚ ਹੋਣ ਕਰ ਕੇ ਉਸ ਦਾ ਮੇਰੇ ਨਾਲ ਦੂਸਰੇ ਮੁੰਡਿਆਂ ਨਾਲੋਂ ਕੁਝ ਵਧੇਰੇ ਗੂੜ੍ਹ ਸੀ। ਉਹ ਰੋਜ਼ ਕਈ ਵਾਰ ਘਰਾਂ ਵਿਚ ਲੋੜੀ ਦੀਆਂ ਚੀਜ਼ਾਂ ਮੰਗਣ ਜਾਂ ਵਾਪਸ ਕਰਨ ਜਾਂ ਕੇਵਲ ਦਿਲ ਪਰਚਾਵੇ ਲਈ ਸਾਡੇ ਘਰ ਆਉਂਦੀ ਤੇ ਕਿੰਨਾ ਚਿਰ ਬੈਠੀ ਜਾਂ ਫਿਰਦੀ ਰਹਿੰਦੀ। ਕਈ ਵਾਰ ਉਹ ਮੈਨੂੰ ਬੈਠਾ ਵੇਖ ਕੇ ਮੇਰੇ ਨਾਲ ਢੋਹ ਲਾ ਕੇ ਬੈਠ ਜਾਂਦੀ ਤੇ ਹੌਲੀ ਹੌਲੀ ਸਾਰਾ ਪਿੰਡਾ ਮੇਰੇ ਤੇ ਸੁਟ ਦਿੰਦੀ। "ਭਈ ਪਾਸ਼ੋ ਆਪਣੇ ਭਾਰ ਬਿਹਾ ਕਰ, ਉਤੇ ਕੀ ਡਿੱਗੀ ਰਹਿਨੀ ਏਂ" ਮੈਂ ਬੋਲ ਉਠਦਾ। ਕਈ ਵੇਰ ਉਹ ਅਪਣੀ ਭਾਬੀ ਦਾ ਪਲੇਠੀ ਦਾ ਮੁੰਡਾ ਸਾਡੇ ਘਰ ਚੁਕ ਲਿਆਉਂਦੀ ਤੇ 'ਵੇਖ ਮੇਰਾ ਵੀਰ, ਵੇਖ ਮੇਰਾ ਵੀਰ' ਆਖਦੀ ਉਹ ਮੁੰਡੇ ਨੂੰ ਆਪਣੀਆਂ ਬਾਹਵਾਂ ਵਿਚੋਂ ਮੇਰੀ ਝੋਲੀ ਵਿਚ ਸਰਕਾ ਦਿੰਦੀ ਤੇ ਨਾਲ ਹੀ ਉੜ ਕੇ ਮੇਰੇ ਮੱਥੇ ਨਾਲ ਮੱਥਾ ਲਾਈ ਜਾਂਦੀ ਜਾਂ ਮੇਰੀਆਂ ਬਾਹਵਾਂ ਨਾਲ ਬਾਹਵਾਂ ਘਸਰ ਜਾਂਦੀ। ਮੈਂ ਇਹ ਮੁੰਡਾ ਕਦੀ ਨਹੀਂ ਚੁਕਣਾ ਚਾਹੁੰਦਾ ਸਾਂ, ਇਸ ਲਈ ਪਾਸ਼ੋ ਦੀ ਇਹ ਹਰਕਤ ਮੈਨੂੰ ਬੜੀ ਭੈੜੀ ਲਗਦੀ ਸੀ। ਇਕ ਦਿਨ ਮੈਂ ਸਵਰੇ ਸਵੇਰੇ ਢੱਗਿਆਂ ਨੂੰ ਤੇਲ ਦੇਣ ਵਾਲੀ ਨਾਲ ਮੰਗਣ ਉਨ੍ਹਾਂ ਦੇ ਘਰ ਗਿਆ। ਪਾਸ਼ੋ ਅਜੇ ਸੁੱਤੀ ਪਈ ਸੀ। ਮੈਂ ਉਸ ਦੀ

ਮੰਜੀ ਕੋਲ ਖਲੋ ਕੇ ਉਸ ਨੂੰ ਆਵਾਜ਼ ਮਾਰੀ। ਉਸ ਅਧੀ ਸੁੱਤੀ ਅੱਧੀ ਜਾਗਦੀ ਨੇ ਦੋਵੇਂ ਹੱਥ ਰਜ਼ਾਈ ਵਿਚੋਂ ਬਾਹਰ ਕੱਢ ਕੇ ਮੇਰਾ ਇਕ ਹੱਥ ਉਨ੍ਹਾਂ ਵਿਚ ਘੁਟ ਲਿਆ।

ਉਂਝ ਪਾਸ਼ੋ ਮੈਨੂੰ ਡਾਹਢੀ ਚੰਗੀ ਲੱਗਦੀ ਸੀ। ਉਹ ਪਿੰਡ ਦੀਆਂ ਹੋਰ ਕੁੜੀਆਂ ਵਾਂਗ ਹਰ ਵੇਲੇ ਕੱਠੀ ਕੱਠੀ ਹੋ ਕੇ ਨਹੀਂ ਟੁਰਦੀ ਸੀ ਸਗੋਂ ਅੰਦਰ ਬਾਹਰ ਦੁੜੰਗੇ ਲਾਂਦੀ ਰਹਿੰਦੀ। ਖੇਡਾਂ ਵਿਚੋਂ ਨਿਕਲ ਹਰ ਲੜਾਈ ਝਗੜੇ ਵਿਚ ਉਹ ਮੇਰਾ ਸਾਥ ਦੇਂਦੀ ਸੀ। ਮੇਰੀ ਵੱਡੀ ਤੋਂ ਵੱਡੀ ਗਪ ਉਹ ਸਹਿਜੇ ਹੀ ਪਚਾ ਜਾਂਦੀ ਸੀ। ਕਈ ਵੇਰ ਉਸ ਨੂੰ ਅਨੋਖੇ ਅਨੋਖੇ ਮਖ਼ੌਲ ਸੁਝਦੇ ਸਨ। ਮੈਂ ਸ਼ਰਾਬ ਕਢਣ ਲਈ ਪੈਲੀਆਂ ਵਿਚ ਇਕ ਘੜਾ ਪਾਇਆ ਹੋਇਆ ਸੀ ਤੇ ਪਾਸ਼ੋ ਨੂੰ ਇਹ ਪਤਾ ਸੀ। ਇਕ ਵੇਰ ਉਹ ਭੱਜੀ ਭੱਜੀ ਪਿੰਡੋਂ ਆਈ ਤੇ ਕਹਿਣ ਲੱਗੀ ਪਿੰਡ ਸਪਾਹੀ ਆਏ ਹੋਏ ਨੇ ਤੇ ਤਲਾਸ਼ੀਆਂ ਲੈ ਰਹੇ ਨੇ। ਮੈਂ ਝਟ ਪਟ ਜਾ ਕੇ ਅਪਣਾ ਘੜਾ ਭੰਨ ਦਿਤਾ। ਪਿੰਡ ਆ ਕੇ ਪਤਾ ਲਗਾ ਕਿ ਸਪਾਹੀ ਤੇ ਕੋਈ ਆਇਆ ਹੀ ਨਹੀਂ ਸੀ।

ਇਕ ਦਿਨ ਅਸੀਂ ਸ਼ੜਕ ਤੇ 'ਘੜਬਿੱਲ ਬਚਾ' ਖੇਡਦੇ ਪਏ ਸਾਂ ਕਿ ਸੁਨਿਆਰਿਆਂ ਦੀ ਕੁੜੀ ਟਾਂਗੇ ਵਿਚ ਲੰਘੀ। ਉਹ ਰੋਜ਼ ਟਾਂਗੇ ਵਿਚ ਸ਼ਹਿਰ ਪੜ੍ਹਨ ਜਾਂਦੀ ਸੀ। ਉਸ ਮੂੰਹ ਤ ਸੁਰਖ਼ੀ ਪੌਡਰ ਲਾਇਆ ਹੋਇਆ ਸੀ ਤੇ ਹਮੇਸ਼ਾਂ ਵਾਂਗ ਸੋਹਣੇ ਸੋਹਣੇ ਕਪੜੇ ਪਾਏ ਹੋਏ ਸਨ। ਸਾਰੇ ਮੁੰਡੇ ਖੇਡ ਛਡ ਕੇ ਉਸ ਵਲ ਵੇਖਣ ਲਗ ਪਏ ਤੇ ਪਾਸ਼ੋ ਵੀ ਖੜੀ ਵੇਖਦੀ ਰਹੀ। ਖੇਡ ਮੁਕਣ ਪਿਛੋਂ ਜਦ ਮੈਂ ਤੇ ਪਾਸ਼ੋ ਘਰ ਨੂੰ ਟੁਰੇ ਤਾਂ ਪਾਸ਼ੋ ਨੇ ਰਸਤੇ ਵਿਚ ਕਿਹਾ "ਸੁਨਿਆਰਿਆਂ ਦੀ ਕੁੜੀ ਸੋਹਣੀ ਏ ਨ ਤਾਹੀਓਂ ਈ ਸਾਰੇ ਮੁੰਡੇ ਖੇਡ ਛਡ ਕੇ ਉਸ ਵਲ ਵੇਂਹਦੇ ਸਨ ਨ"

"ਘਟਾ ਸੋਹਣੀ ਏਂ ਪਾਸ਼ੋ, ਭੋਰਾ ਪੜ੍ਹੀ ਹੋਈ ਏ ਹੋਰ ਕੀ ਏ। ਤੂੰ ਤੇ ਉਹੋ ਜਹੀਆਂ ਪੰਜਾਂ ਵਰਗੀ ਏਂ।"

"ਸਚੀਂ" ਪਾਸ਼ੋ ਨੇ ਖਿੜ ਕੇ ਪੁਛਿਆ।

"ਸੱਚੀਂ ਪਾਸ਼ੋ ਤੂੰ ਤੇ ਘੜਬਿੱਲਬਚਾ ਖੇਡ ਲੈਨੀ ਏਂ ਤੇ ਵਡੇ ਵਡੇ ਹੜੱਪੇ ਮਾਰ ਲੈਨੀ ਏਂ,ਨਾਲੇ ਕੋਡੀਆਂ ਤੇਰੀਆਂ ਉਂਗਲਾਂ ਤੇ ਚੜ੍ਹੀਆਂ ਹੋਈਆਂ ਨ। ਮੈਂ ਆਹਨਾਂ, ਪਾਸ਼ੋ, ਸੁਨਿਆਰਿਆਂ ਦੀ ਕੁੜੀ ਕੀ ਤੂੰ ਤੇ ਕਈਆਂ ਮੁੰਡਿਆਂ ਨਾਲੋਂ ਵੀ ਚੰਗੀ ਏਂ।" "ਕੋਈ।" ਪਾਸ਼ੋ ਨੇ ਗੁਸੇ ਨਾਲ ਭੁਜ ਕੇ ਆਖਿਆ ਤੇ ਆਪਣੇ ਘਰ ਵੜ ਗਈ।

ਵਸਾਖੀ ਸਾਡੇ ਪਿੰਡੋਂ ਕੋਈ ਦੋ ਕੁ ਮੀਲਾਂ ਤੇ ਲੱਗਦੀ ਸੀ ਤੇ ਹਰ ਸਾਲ ਅਸੀ ਸਾਰੇ ਮੁੰਡੇ ਤੇ ਕਈ ਮੁਰੱਬੇ ਭਜਦੇ ਹੀ ਜਾਂਦੇ ਤੇ ਕੁੜੀਆਂ ਏਨਾਂ ਭਜ ਨਹੀਂ ਸਨ ਸਕਦੀਆਂ। ਕੁੜੀਆਂ ਦੇ ਸਾਥ ਤੋਂ ਸਭ ਤੋਂ ਬਹੁਤੀ ਖਿਝ ਮੈਨੂੰ ਆਉਂਦੀ ਹੁੰਦੀ ਸੀ।

ਇਸ ਵੇਰੀ ਆਪਣੇ ਪੈਸਿਆਂ ਵਿਚੋਂ ਮੇਲੇ ਤੋਂ ਇਕ ਸ਼ੀਸ਼ਾ ਲਿਆਉਣ ਦਾ ਇਕਰਾਰ ਕਰ ਕੇ ਪਾਸ਼ੋ ਨੇ ਆਪਣੀ ਭਰਜਾਈ ਤੋਂ ਪਾਣ ਲਈ ਸੋਹਣੇ ਸੋਹਣੇ ਕਪੜੇ ਮੰਗ ਲਏ ਸਨ ਤੇ ਕੁਝ ਸੱਕ ਸੁਰਮਾਂ ਵੀ ਮਲਿਆ ਹੋਇਆ ਸੀ। ਗੁਰਦਵਾਰੇ ਭਾਈ ਨੂੰ ਵਸਾਖੀ ਦੀ ਰੋਟੀ ਦੇ ਕੇ ਆਉਂਦੀ ਓਹ ਮੈਨੂੰ ਮਿਲੀ। ਕਪੜਿਆਂ ਨੇ ਉਸ ਤੇ ਕੁਝ ਹੋਰ ਦਾ ਹੋਰ ਹੀ ਰੰਗ ਚਾੜ੍ਹਿਆ ਹੋਇਆ ਸੀ। ਅਜ ਉਹ ਕੁਝ ਓਪਰੀ ਓਪਰੀ ਭਾਅ ਮਾਰਦੀ ਸੀ। ਪਹਿਲੀ ਪਾਸ਼ੋ ਤੇ ਕਿਧਰੇ ਵਿਸਦੀ ਹੀ ਨਹੀਂ ਸੀ। ਸਜੀ ਧਜੀ ਉਹ ਸੁਨਿਆਰਿਆਂ ਦੀ ਕੁੜੀ ਦੀ ਤਰ੍ਹਾਂ ਲਗਦੀ ਸੀ। "ਵਸਾਖੀ ਨਹੀਓਂ ਜਾਣਾ ਪਾ ?" ਮੈਨੂੰ ਉਸ ਨੂੰ ਕੁਆੜੀਂਵਿਆਂ ਕੁਝ ਸੰਙ ਜਹੀ ਆਈ।

"ਮੇਰੀ ਮਾਂ ਆਂਹਦੀ ਸੀ ਤੂੰ ਮੁੰਡਿਆਂ ਨਾਲ ਨ ਜਾਈਂ, ਕੁੜੀਆਂ ਨਾਲ ਜਾਈਂ।"

ਮਾਂ ਦੀ ਇਸ ਰੋਕ ਨੇ ਮੇਰੀ ਪਾਸ਼ੋ ਨੂੰ ਵਸਾਖੀ ਲਿਜਾਣ ਦੀ ਖਾਹਸ਼ ਨੂੰ ਵਧੇਰੇ ਤੇਜ਼ ਕਰ ਦਿਤਾ।

"ਮਾਂ ਨੇ ਕਿਹੜਾ ਓਥੇ ਵੇਖਣ ਆਉਣਾ ਏ ਪਾਸ਼ੋ?" ਮੈਂ ਤਰਲਾ ਕੀਤਾ।

"ਚੰਗਾ ਵਡੇ ਛਪੜ ਕੋਲ ਖਲੋ ਮੈਂ ਲਗੀ ਆਉਨੀ ਆਂ ."

"ਇਹ ਮੁੰਡਾ ਕਿਥੋਂ ਏ?" ਪਾਸ਼ੋ ਨੇ ਮਲੇ ਵਿਚ ਫਿਰਦੇ ਇਕ ਸੋਹਣੇ ਜਹੇ ਮੁੰਡੇ ਵਲ ਅੱਖ ਨਾਲ ਇਸ਼ਾਰਾ ਕਰਕੇ ਪੁਛਿਆ।

"ਕੁਰਲਕਿਆਂ ਦੇ ਲੰਬਰ ਦਾ ਮੁੰਡਾ ਈ ਕੋਈ ਦੋ ਜਮਾਤਾਂ ਪੜ੍ਹਿਆ ਹੋਇਆ ਜਾਪਦਾ ਏ, ਬੜਾ ਫੈਸੜ ਏ। ਇਕ ਦਿਨ ਲੰਮਟਿਆਂ ਦੀ ਛੰਭ ਵਿਚ ਇਹਦੀਆਂ ਵੀ ਮੱਝੀ ਬੈਠੀਆਂ ਹੋਈਆਂ ਸਨ ਤੇ ਮੈਂ ਵੀ ਚਾਰਦਾ ਚਾਰਦਾ ਆਪਣੀਆਂ ਮੱਝੀਂ ਉਥੇ ਹੀ ਲੈ ਆਇਆ। ਮੇਰੀਆਂ ਮੱਝੀਂ ਛੰਭ ਵਿਚ ਵੜੀਆਂ ਤਾਂ ਇਹਦਾ ਸੰਢਾ ਮੇਰੀਆਂ ਮਝੀਂ ਵਿਚ ਰਲ ਗਿਆ। ਹੋਰ ਤੇ ਇਹਦਾ ਸਾਰਾ ਮਾਲ ਛੰਭ ਵਿਚੋਂ ਨਿਕਲ ਆਇਆ ਪਰ ਸੰਢਾ ਇਹਦਾ ਮੇਰੀਆਂ ਮਝੀਂ ਨਾਲ ਵਿਚੇ ਈ ਬੈਠਾ ਰਿਹਾ। ਆਹੰਦਾ ਏ ਵਿਚ ਵੜ ਕੇ ਕੱਢ ਲੈਨੇ ਆਂ। ਲੁਕਦੀ ਲਾਹ ਕੇ ਵਿਚ ਵੜ ਗਿਆ। ਅੱਧ ਕੁ ਵਿਚ ਗਿਆ ਤੇ ਲੱਗਾ ਗੋਤੇ ਖਾਣ। ਕਦੀ ਉਤਾਂਹ ਸਿਰੀ ਕਢੇ ਤੇ ਫਿਰ ਪਾਣੀ ਵਿਚੇ ਹੀ ਦੱਬ ਲਏ ਸੂ। ਮੈਂ ਆਖਿਆ ਪਈ ਮੋਇਆ। ਸਣ-ਕਪੜਿਆਂ ਵਿਚ ਛਾਲ ਮਾਰੀ ਮੈਂ, ਤੇ ਇਹਨੂੰ ਗਿੱਚੀਓਂ ਫੜ ਕੇ ਬਾਹਰ ਕਢ ਲਿਆਂਦਾ।" ਗੱਲ ਸੁਣ ਕੇ ਪਾਸ਼ੋ ਖੀ ਖੀ ਕਰ ਕ ਹਸੀ।

ਸਾਡੇ ਪਿੰਡ ਦੇ ਨੇੜੇ ਦਾ ਇਕ ਨਾਈ ਮੁੰਡਾ ਮੇਲੇ ਵਿਚ ਆਇਆ ਲੋਕਾਂ ਨੂੰ ਸ਼ੀਸ਼ਾ ਵਖਾ ਵਖਾ ਕੇ ਲਾਗ ਉਗਰਾਹੁੰਦਾ ਫਿਰਦਾ ਸੀ। ਅਗੇ ਕਈ ਮੇਲਿਆਂ ਤੇ ਉਸ ਮੈਨੂੰ ਵੀ ਸ਼ੀਸ਼ਾ ਵਖਾਇਆ ਸੀ ਪਰ ਮੈਂ ਉਸ ਨੂੰ ਧੌਣੋਂ ਫੜ ਕੇ ਲਾਂਭੇ ਕਰ ਦਿੰਦਾ ਹੁੰਦਾ ਸਾਂ। ਇਸ ਵਾਰੀ ਫਿਰ ਉਸ ਹੌਸਲਾ ਕਰ ਕੇ ਸ਼ੀਸ਼ਾ ਮੇਰੇ ਮੂੰਹ ਅਗੇ ਕੀਤਾ ਤੇ ਮੈਂ ਬੋਝੇ ਵਿਚੋਂ ਅਠਿਆਨੀ ਕੱਢ ਕੇ ਉਸ ਨੂੰ ਫੜਾ ਦਿਤੀ।